# ਪਾਠ-15
## ਰਬਿੰਦਰ ਨਾਥ ਟੈਗੋਰ (ਲੇਖਕ-ਰਵਿੰਦਰ ਕੌਰ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਸਾਡਾ ਰਾਸ਼ਟਰੀ ਗਾਨ ਕਿਹੜਾ ਹੈ ਅਤੇ ਇਸ ਦਾ ਲੇਖਕ ਕੌਣ ਹੈ?**
ਉੱਤਰ : 'ਜਨ-ਗਣ-ਮਨ ਸਾਡਾ ਰਾਸ਼ਟਰੀ ਗਾਨ ਹੈ। ਇਸ ਦਾ ਲੇਖਕ ਰਾਬਿੰਦਰ ਨਾਥ ਟੈਗੋਰ ਹੈ।

**ਪ੍ਰਸ਼ਨ ਅ. ਰਾਬਿੰਦਰ ਨਾਥ ਟੈਗੋਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ? ਉਨ੍ਹਾਂ ਦਾ ਬਚਪਨ ਕਿਵੇਂ ਬੀਤਿਆ?**
ਉੱਤਰ : ਰਾਬਿੰਦਰ ਨਾਥ ਟੈਗੋਰ ਦਾ ਜਨਮ 7 ਮਈ, 1861 ਈ: ਨੂੰ ਕੋਲਕਾਤਾ ਵਿਖੇ ਹੋਇਆ। ਆਪ ਦੇ ਪਿਤਾ ਇਕ ਵੱਡੇ ਵਪਾਰੀ ਹੋਣ ਕਰਕੇ ਆਪ ਦਾ ਬਚਪਨ ਰਾਜਕੁਮਾਰਾਂ ਵਾਂਗ ਮਹੱਲਾਂ ਵਰਗੇ ਘਰ ਵਿੱਚ ਬੀਤਿਆ।

**ਪ੍ਰਸ਼ਨ ੲ. ਰਾਬਿੰਦਰ ਨਾਥ ਟੈਗੋਰ ਨੇ ਕਿਵੇਂ ਅਤੇ ਕਿੱਥੋਂ ਵਿੱਦਿਆ ਪ੍ਰਾਪਤ ਕੀਤੀ?**
ਉੱਤਰ : ਸਕੂਲ ਵਿੱਚ ਮਨ ਨਾ ਲੱਗਣ ਕਰਕੇ ਆਪ ਦੀ ਪੜ੍ਹਾਈ ਦਾ ਪ੍ਰਬੰਧ ਘਰ ਵਿੱਚ ਹੀ ਕੀਤਾ ਗਿਆ। ਆਪ ਨੇ ਸਕੂਲੀ ਵਿੱਦਿਆ ਕੁਦਰਤ ਦੇ ਅੰਗ-ਸੰਗ ਰਹਿੰਦਿਆਂ ਪੂਰੀ ਕੀਤੀ। ਆਪ ਇੰਗਲੈਂਡ ਵੀ ਪੜ੍ਹਨ ਗਏ।

**ਪ੍ਰਸ਼ਨ 4. ਰਾਬਿੰਦਰ ਨਾਥ ਟੈਗੋਰ ਆਪਣੇ ਪਿਤਾ ਨਾਲ਼ ਕਦੋਂ ਪੰਜਾਬ ਆਏ? ਇੱਥੋਂ ਦੇ ਮਾਹੌਲ ਦਾ ਉਨ੍ਹਾਂ ਦੇ ਮਨ 'ਤੇ ਕਿਹੋ ਜਿਹਾ ਪ੍ਰਭਾਵ ਪਿਆ?**
ਉੱਤਰ : ਉਹ ਆਪਣੇ ਪਿਤਾ ਨਾਲ਼ ਗਿਆਰਾਂ ਸਾਲਾਂ ਦੀ ਉਮਰ ਵਿੱਚ ਪੰਜਾਬ ਆਏ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਪਵਿੱਤਰ ਵਾਤਾਵਰਨ ਵਿੱਚ ਆਪ ਕਿੰਨਾ-ਕਿੰਨਾ ਚਿਰ ਮੰਤਰ ਮੁਗਧ ਹੋਏ ਕੀਰਤਨ ਸੁਣਦੇ।


**ਪ੍ਰਸ਼ਨ ਹ. ਟੈਗੋਰ ਨੇ ਆਪਣੀਆਂ ਰਚਨਾਵਾਂ ਕਿਹੜੀ ਭਾਸ਼ਾ ਵਿੱਚ ਲਿਖੀਆਂ? ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਦੇ ਨਾਂ ਲਿਖੋ।**
ਉੱਤਰ : ਟੈਗੋਰ ਨੇ ਆਪਣੀਆਂ ਰਚਨਾਵਾਂ ਆਪਣੀ ਮਾਤ ਭਾਸ਼ਾ ਬੰਗਲਾ ਵਿੱਚ ਰਚੀਆਂ। ਆਪ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ : ਨਾਵਲ-'ਗੋਰਾ' ਅਤੇ 'ਨੌਕਾ ਡੂਬੀ', ਨਾਟਕ- 'ਚਿਤ੍ਰਾਂਗਦਾ', ਕਹਾਣੀਆਂ- 'ਕਾਬਲੀਵਾਲ਼ਾ', 'ਪੋਸਟ-ਮਾਸਟਰ', 'ਹਾਰ ਜਿੱਤ', ਕਾਵਿ-ਸੰਗ੍ਰਹਿ- ਗੀਤਾਂਜਲੀ।

**ਪ੍ਰਸ਼ਨ ਕ. ਟੈਗੋਰ ਦੀ ਸਭ ਤੋਂ ਪ੍ਰਸਿੱਧ ਰਚਨਾ ਕਿਹੜੀ ਹੈ? ਇਸ ਰਚਨਾ ਲਈ ਉਨ੍ਹਾਂ ਨੂੰ ਕਿਹੜਾ ਇਨਾਮ ਕਦੋਂ ਮਿਲ਼ਿਆ ਸੀ?**
ਉੱਤਰ : ਟੈਗੋਰ ਦੀ ਸਭ ਤੋਂ ਪ੍ਰਸਿੱਧ ਰਚਨਾ ਉਨ੍ਹਾਂ ਦਾ ਕਾਵਿ-ਸੰਗ੍ਰਹਿ 'ਗੀਤਾਂਜਲੀ' ਹੈ। ਇਸ ਰਚਨਾ ਲਈ ਉਨ੍ਹਾਂ ਨੂੰ 1913 ਵਿੱਚ ਨੋਬਲ ਪੁਰਸਕਾਰ ਮਿਲ਼ਿਆ।

**ਪ੍ਰਸ਼ਨ ਖ. ਸ਼ਾਂਤੀ ਨਿਕੇਤਨ ਬਾਰੇ ਤੁਸੀਂ ਕੀ ਜਾਣਦੇ ਹੋ?**
ਉੱਤਰ : ਰਾਬਿੰਦਰ ਨਾਥ ਟੈਗੋਰ ਨੇ ਵਿਦਿਆਰਥੀਆਂ ਨੂੰ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਪੜ੍ਹਾਉਣ ਲਈ 'ਸ਼ਾਂਤੀ ਨਿਕੇਤਨ' ਨਾਂ ਦੀ ਪਾਠਸ਼ਾਲਾ ਬਣਾਈ। ਇਸ ਵਿੱਚ ਵਿਦਿਆਰਥੀ ਰੁੱਖਾਂ ਹੇਠ ਬੈਠ ਕੇ ਹੀ ਪੜ੍ਹਦੇ ਸਨ। ਇੱਥੇ ਸਾਹਿਤ, ਕਲਾ, ਸੰਗੀਤ, ਚਿੱਤਰਕਾਰੀ ਤੇ ਭਾਰਤੀ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਸੀ। ਹੁਣ ਇਹ ਸੰਸਥਾ 'ਵਿਸ਼ਵ ਭਾਰਤੀ' ਨਾਂ ਦੀ ਯੂਨੀਵਰਸਿਟੀ ਬਣ ਗਈ ਹੈ।

**ਪ੍ਰਸ਼ਨ ਗ. ਜਲ੍ਹਿਆਂ ਵਾਲ਼ੇ ਬਾਗ਼ ਦਾ ਟੈਗੋਰ ਦੇ ਮਨ 'ਤੇ ਕੀ ਅਸਰ ਪਿਆ?**
ਉੱਤਰ : ਜਲ੍ਹਿਆਂ ਵਾਲ਼ੇ ਬਾਗ਼ ਦੇ ਦੁਖਾਂਤ ਦਾ ਆਪ ਦੇ ਮਨ ਉੱਤੇ ਬਹੁਤ ਅਸਰ ਹੋਇਆ, ਜਿਸ ਕਰਕੇ ਉਨ੍ਹਾਂ ਅੰਗਰੇਜ਼ ਸਰਕਾਰ ਵੱਲੋਂ 1913 ਵਿੱਚ ਦਿੱਤਾ 'ਸਰ' ਦਾ ਖ਼ਿਤਾਬ ਵਾਪਸ ਕਰ ਦਿੱਤਾ।

### 2. ਔਖੇ ਸ਼ਬਦਾਂ ਦੇ ਅਰਥ :



| | | |
|---|---|---|
| ਤੀਰਥ-ਅਸਥਾਨ | : | ਪਵਿੱਤਰ ਧਰਮ-ਅਸਥਾਨ ਜਿੱਥੇ ਧਾਰਮਿਕ ਭਾਵਨਾ ਨਾਲ਼ ਲੋਕ ਪੂਜਾ, ਇਸ਼ਨਾਨ ਅਤੇ ਉਪਾਸਨਾ ਲਈ ਜਾਂਦੇ ਹਨ। |
| ਵਾਤਾਵਰਨ | : | ਆਲ਼ਾ-ਦੁਆਲ਼ਾ, ਚੁਗਿਰਦਾ, ਮਾਹੌਲ |
| ਵਿਭਿੰਨ | : | ਵੱਖੋ-ਵੱਖ, ਅੱਡੋ-ਅੱਡ |
| ਗੁਰ | : | ਨਿਯਮ, ਢੰਗ, ਤਰੀਕੇ |
| ਸੰਸਥਾ | : | ਸਭਾ, ਸੁਸਾਇਟੀ |
| ਸੰਗੀ | : | ਸਾਥੀ, ਮੇਲੀ |
| ਗਹਿਰਾ | : | ਡੂੰਘਾ, ਗੂੜ੍ਹਾ |

| | | |
|---|---|---|
| ਕੋਮਲ | : | ਨਰਮ, ਕੂਲ਼ਾ, ਨਾਜ਼ਕ |
| ਖ਼ਿਤਾਬ | : | ਉਪਾਧੀ, ਪਦਵੀ |
| ਵਿਗਸ ਰਹੇ | : | ਵਧ-ਫੁੱਲ ਰਹੇ, ਤਰੱਕੀ ਕਰ ਰਹੇ |

## 3. ਵਾਕਾਂ ਵਿੱਚ ਵਰਤੋਂ :

1. **ਪਾਲਣ-ਪੋਸ਼ਣ (ਪਾਲਣਾ)-** ਰਾਬਿੰਦਰ ਨਾਥ ਟੈਗੋਰ ਦਾ ਪਾਲਣ-ਪੋਸ਼ਣ ਰਾਜਕੁਮਾਰਾਂ ਵਾਂਗ ਹੋਇਆ।
2. **ਵਿਓਂਤ (ਤਰੀਕਾ)-** ਅਸੀਂ ਸਕੂਲ ਦੀ ਸਫ਼ਾਈ ਲਈ ਵਿਉਂਤ ਬਣਾਈ।
3. **ਸੈਰ-ਸਪਾਟਾ (ਯਾਤਰਾ )-** ਮੈਂ ਸੈਰ-ਸਪਾਟਾ ਕਰਨ ਲਈ ਪਰਿਵਾਰ ਨਾਲ਼ ਚੰਡੀਗੜ੍ਹ ਜਾ ਰਿਹਾ ਹਾਂ।
4. **ਮਨ ਮੋਹ ਲੈਣਾ (ਮਨ ਨੂੰ ਖਿੱਚ ਲੈਣਾ)-** ਅੱਜ-ਕੱਲ੍ਹ ਦੇ ਸਰਕਾਰੀ ਸਕੂਲ ਵਿਦਿਆਰਥੀਆਂ ਦਾ ਮਨ ਮੋਹ ਰਹੇ ਹਨ।
5. **ਰਮਣੀਕ (ਮਨ ਨੂੰ ਮੋਹਣ ਵਾਲ਼ੀ)-** ਅਸੀਂ ਪਹਾੜਾਂ 'ਤੇ ਰਮਣੀਕ ਥਾਂਵਾਂ ਦੇਖੀਆਂ।
6. **ਅੰਗ-ਸੰਗ (ਸਾਥ ਵਿੱਚ)-** ਮਾਪਿਆਂ ਦਾ ਆਸ਼ੀਰਵਾਦ ਹਮੇਸ਼ਾਂ ਬੱਚਿਆਂ ਦੇ ਅੰਗ-ਸੰਗ ਰਹਿੰਦਾ ਹੈ।
7. **ਅਨੁਵਾਦ (ਤਰਜਮਾ)-** ਗੀਤਾਂਜਲੀ ਕਾਵਿ-ਸੰਗ੍ਰਹਿ ਦਾ ਕਈ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ।
8. **ਜੀਵਨ-ਜਾਚ (ਜੀਵਨ ਜਿਊਣ ਦਾ ਤਰੀਕਾ)-** ਸਾਡੀ ਜੀਵਨ-ਜਾਚ ਸਾਦੀ ਤੇ ਸਪਸ਼ਟ ਹੋਣੀ ਚਾਹੀਦੀ ਹੈ।

## 4. ਵਿਆਕਰਨ

**ਵਿਸਰਾਮ-ਚਿੰਨ੍ਹ**

'ਵਿਸਰਾਮ' ਦਾ ਅਰਥ ਹੈ ਠਹਿਰਾਓ। 'ਵਿਸਰਾਮ-ਚਿੰਨ੍ਹ' ਉਹ ਚਿੰਨ੍ਹ ਹੁੰਦੇ ਹਨ, ਜਿਹੜੇ ਲਿਖਤ ਵਿੱਚ ਠਹਿਰਾਓ ਪ੍ਰਗਟ ਕਰਨ ਲਈ ਵਰਤੇ ਜਾਂਦੇ ਹਨ। ਇਨ੍ਹਾਂ ਦਾ ਮੁੱਖ ਕਾਰਜ ਲਿਖਤ ਵਿੱਚ ਸਪੱਸ਼ਟਤਾ ਪੈਦਾ ਕਰਨਾ ਹੈ। ਇਨ੍ਹਾਂ ਚਿੰਨ੍ਹ ਹੇਠ ਲਿਖੇ ਅਨੁਸਾਰ ਹਨ :

| | | | |
|---|---|---|---|
| 1. ਡੰਡੀ | । | 7. ਛੁੱਟ-ਮਰੋੜੀ | ’ |
| 2. ਪ੍ਰਸ਼ਨ - ਚਿੰਨ੍ਹ | ? | 8. ਜੋੜਨੀ | - |
| 3. ਵਿਸਮਿਕ-ਚਿੰਨ੍ਹ | ! | 9. ਬਿੰਦੀ | . |
| 4. ਕਾਮਾ | , | 10. ਬਿੰਦੀ-ਕਾਮਾ | ; |
| 5. ਪੁੱਠੇ ਕਾਮੇ | “ ” | 11. ਦੁਬਿੰਦੀ | : |
| 6. ਬ੍ਰੈਕਟ | ( ) | 12. ਦੁਬਿੰਦੀ ਡੈਸ਼ | :- |
| | | **13.** ਡੈਸ਼ | _ |